**ਪੰਜਾਬੀ ਯੂਨੀਵਰਸਿਟੀ ਪਟਿਆਲਾ**
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਪ੍ਰੈਕਟੀਕਲ ਸ਼ਾਖਾ

**ਯੂਨੀਵਰਸਿਟੀ ਨਾਲ ਸਬੰਧਿਤ**
**ਬੀ.ਐਡ. ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ,**

**ਵਿਸ਼ਾ: ਬੀ.ਐਡ. (ਸਮੈਸਟਰ-ਤੀਜਾ)/ਬੀ.ਏ.ਬੀ.ਐਡ./ਬੀ.ਐਸ.ਸੀ.ਬੀ.ਐਡ. (ਸਮੈਸਟਰ ਸੱਤਵਾਂ) ਦਸੰਬਰ 2023 ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ।**

ਸ੍ਰੀਮਾਨ/ਸ੍ਰੀਮਤੀ ਜੀ,

ਆਪਜੀ ਦੇ ਗਿਆਤ ਹਿੱਤ ਦੱਸਿਆ ਜਾਂਦਾ ਹੈ ਕਿ ਬੀ.ਐਡ./ਬੀ.ਏ.ਬੀ.ਐਡ./ ਬੀ.ਐਸ.ਸੀ.ਬੀ.ਐਡ. (ਸਕਿੱਲ ਇਨ ਟੀਚਿੰਗ) ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਦਸੰਬਰ-2023 ਤੋਂ ਸ਼ੁਰੂ ਹੋਣੀਆਂ ਹਨ। ਇਸ ਸਬੰਧੀ ਹੇਠ ਲਿਖੀਆਂ ਹਦਾਇਤਾਂ ਦਾ ਧਿਆਨ ਰੱਖਿਆ ਜਾਵੇ, ਜੀ:-

1) ਇਹ ਯਕੀਨੀ ਬਣਾਇਆ ਜਾਵੇ ਕਿ ਸਕਿੱਲ-ਇਨ-ਟੀਚਿੰਗ ਦੇ ਸਾਰੇ ਵਿਦਿਅਰਥੀਆਂ ਦੇ ਗਰੱਪ ਇਸ ਅਨੁਸਾਰ ਬਣਾਏ ਜਾਣ ਤਾਂ ਕਿ ਸਾਰੀਆਂ ਸਕਿੱਲ-ਇਨ-ਟੀਚਿੰਗ ਦੀਆਂ ਪ੍ਰੀਖਿਆਵਾਂ 2-3 ਦਿਨਾਂ ਵਿੱਚ ਖਤਮ ਕੀਤੀਆਂ ਜਾ ਸਕਣ। ਜਿੱਥੇ ਵਿਦਿਆਰਥੀਆਂ ਦੀ ਗਿਣਤੀ 200 ਹੈ ਉਥੇ ਪ੍ਰੈਕਟੀਕਲ ਪ੍ਰੀਖਿਆਵਾਂ 6 ਦਿਨ ਚੱਲਣਗੀਆਂ।
2) ਯੂਨੀਵਰਸਿਟੀ ਵੱਲੋ ਘੱਟੋ-ਘੱਟ ਤਿੰਨ ਪ੍ਰੀਖਿਅਕ ਨਿਯੁਕਤ ਕੀਤੇ ਜਾਣਗੇ ਅਤੇ ਸਬੰਧਿਤ ਕਾਲਜ ਦੇ ਪ੍ਰਿੰਸੀਪਲ ਵੱਲੋ ਬਾਹਰੋਂ ਆਈ ਪ੍ਰੀਖਿਅਕਾਂ ਦੀ ਟੀਮ ਵਿੱਚ ਕਾਲਜ ਦੇ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਇੱਕ ਜਾਂ ਦੋ ਅੰਦਰੂਨੀ ਪ੍ਰੀਖਿਅਕ ਸ਼ਾਮਿਲ ਕੀਤੇ ਜਾਣਗੇ।

ਵਿਸ਼ਵਾਸ਼ਪਾਤਰ

Dhan 11/Cg

ਐਡੀਸ਼ਨਲ ਕੰਟਰੋਲਰ (ਪ੍ਰੀਖਿਆਵਾਂ)

<u>**ਪੰਜਾਬੀ ਯੂਨੀਵਰਸਿਟੀ ਪਟਿਆਲਾ**</u>
(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)
ਪ੍ਰੈਕਟੀਕਲ ਸ਼ਾਖਾ

**ਯੂਨੀਵਰਸਿਟੀ ਨਾਲ ਸਬੰਧਿਤ**
**ਬੀ.ਐਡ. ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ,**

**ਵਿਸ਼ਾ: ਬੀ.ਐਡ. (ਸਮੈਸਟਰ-ਤੀਜਾ)/ਬੀ.ਏ.ਬੀ.ਐਡ./ਬੀ.ਐਸ.ਸੀ.ਬੀ.ਐਡ. (ਸਮੈਸਟਰ ਸੱਤਵਾਂ) ਦਸੰਬਰ 2023 ਸਕਿੱਲ ਇਨ ਟੀਚਿੰਗ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਸਬੰਧੀ।**

ਸ੍ਰੀਮਾਨ/ਸ੍ਰੀਮਤੀ ਜੀ,

ਜਿਵੇਂ ਕਿ ਆਪਜੀ ਨੂੰ ਪਤਾ ਹੈ ਕਿ ਬੀ.ਐਡ.(ਸਮੈਸਟਰ-ਤੀਜਾ)/ਬੀ.ਏ.ਬੀ.ਐਡ. /ਬੀ.ਐਸ.ਸੀ.ਬੀ.ਐਡ. (ਸਮੈਸਟਰ ਸੱਤਵਾਂ) ਸਕਿੱਲ-ਇਨ-ਟੀਚਿੰਗ ਦੀਆਂ ਪ੍ਰੈਕਟੀਕਲ ਪ੍ਰੀਖਿਆਵਾਂ ਦਸੰਬਰ-2023 ਤੋ ਸ਼ੁਰੂ ਹੋ ਰਹੀਆ ਹਨ, ਇਸ ਸਬੰਧੀ ਇਹ ਯਕੀਨੀ ਬਣਾਇਆ ਜਾਵੇ ਕਿ ਇਕੋ ਸਮੇਂ ਵਿੱਚ 4-5 ਕਲਾਸਾਂ ਲਗਣੀਆਂ ਚਾਹੀਦੀਆਂ ਹਨ ਅਤੇ ਇੱਕ ਦਿਨ ਦੇ ਵਿੱਚ ਅੱਧੇ-ਅੱਧੇ ਘੰਟੇ ਦੇ ਘੱਟੋ-ਘੱਟ 10 ਪੀਰੀਅਡ ਲੱਗਣੇ ਚਾਹੀਦੇ ਹਨ, ਤਾਂ ਜੋ ਪ੍ਰੀਖਿਆਵਾਂ ਦੋ ਜਾਂ ਤਿੰਨ ਦਿਨਾਂ ਦੇ ਅੰਦਰ-ਅੰਦਰ ਖਤਮ ਕੀਤੀਆ ਜਾ ਸਕਣ। ਇਹ ਵੀ ਯਕੀਨੀ ਬਣਾਇਆ ਜਾਵੇ ਕਿ ਕਲਾਸਾਂ ਇੱਕੋ ਹੀ ਥਾਂ ਤੇ ਲੱਗਣ (ਆਪ ਦੇ ਕਾਲਜ ਵਿੱਚ ਜਾਂ ਕਿਸੇ ਇੱਕੋ ਹੀ ਸਕੂਲ ਵਿੱਚ) ਤਾਂ ਜੋ ਬਾਹਰੋਂ ਆਏ ਪ੍ਰੀਖਿਅਕਾਂ ਨੂੰ ਪ੍ਰੀਖਿਆਵਾਂ ਕੰਡਕਟ ਕਰਨ ਵਿੱਚ ਕਿਸੇ ਕਿਸਮ ਦੀ ਔਕੜ ਪੇਸ਼ ਨਾ ਆਵੇ।

ਧੰਨਵਾਦ ਸਹਿਤ।

ਵਿਸ਼ਵਾਸ਼ਪਾਤਰ

Dham

ਐਡੀਸ਼ਨਲ ਕੰਟਰੋਲਰ (ਪ੍ਰੀਖਿਆਵਾਂ)